# ਪੰਜਾਬ ਸਰਕਾਰ

ਸੇਵਾ ਵਿਖੇ

(1) ਸਮੂਹ ਵਿੱਤੀ ਕਮਿਸ਼ਨਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

(2) ਸਮੂਹ ਵਿਭਾਗਾਂ ਦੇ ਮੁੱਖੀ,
ਸਮੂਹ ਡਵੀਜ਼ਨਲ ਕਮਿਸ਼ਨਰ ਅਤੇ
ਸਮੂਹ ਡਿਪਟੀ ਕਮਿਸ਼ਨਰ।

ਯਾਦ ਪੱਤਰ ਨੰ:5/119/2001 - ਰਰ4/ 19038
ਮਿਤੀ, ਚੰਡੀਗੜ੍ਹ 10 ਦਸੰਬਰ, 2002.

ਵਿਸ਼ਾ ਅੱਤਵਾਦ/ਦੰਗਿਆਂ ਦੌਰਾਨ ਮਾਰੇ ਵਿਅਕਤੀਆਂ ਦੇ ਆਸ਼ਰਤਾਂ ਨੂੰ ਪਹਿਲ ਦੇ ਆਧਾਰ ਤੇ ਗਰੁੱਪ ਸੀ/ਗਰੁੱਪ ਡੀ ਦੀਆਂ ਆਸਾਮੀਆਂ ਤੇ ਨਿਯੁਕਤੀਆਂ ਦੇਣ ਬਾਰੇ।

ਮੇਰੇ ਵਲੋਂ ਜਾਰੀ ਕੀਤੇ ਯਾਦ ਪੱਤਰ ਨੰ: 5/119/2001 - ਰਰ4/8711, ਮਿਤੀ 18 ਜੂਨ, 2002 ਅਤੇ ਪੱਤਰ ਨੰਬਰ 5/119/2001 - ਰਰ4/11865, ਮਿਤੀ 19 ਅਗਸਤ, 2002 ਰਾਹੀਂ ਸਮੂਹ ਵਿਭਾਗਾਂ ਨੂੰ ਕਿਹਾ ਗਿਆ ਹੈ ਕਿ ਅੱਤਵਾਦ/ਦੰਗਿਆਂ ਦੌਰਾਨ ਮਾਰੇ ਵਿਅਕਤੀਆਂ ਦੇ ਆਸ਼ਰਿਤਾਂ ਨੂੰ ਸਰਕਾਰ ਦੀ ਪਾਲਿਸੀ ਅਨੁਸਾਰ ਪਹਿਲ ਦੇ ਆਧਾਰ ਤੇ ਗਰੁੱਪ ਸੀ/ਗਰੁੱਪ ਡੀ ਖਾਲੀ ਆਸਾਮੀਆਂ(ਭਾਵੇਂ ਇਨ੍ਹਾਂ ਆਸਾਮੀਆਂ ਦੀ ਨਿਰੰਤਰਤਾ ਲਈ ਵਿੱਤ ਵਿਭਾਗ ਵਲੋਂ ਅਜੇ ਮਨਜ਼ੂਰੀ ਲੈਣੀ ਹੋਵੇ) ਤੇ ਨਿਯੁਕਤੀਆਂ ਤੁਰੰਤ ਕੀਤੀਆਂ ਜਾਣ। ਕੁਝ ਵਿਭਾਗਾਂ ਵਲੋਂ ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਅਜਿਹੇ ਕੇਸ ਪਰਸੋਨਲ ਵਿਭਾਗ ਦੇ ਪੱਤਰ ਨੰ: 11/105/98/4ਪੀ.ਪੀ.2/14420, ਮਿਤੀ 21 ਨੰਵਬਰ, 2002 ਅਨੁਸਾਰ ਡੀਲ ਕੀਤੇ ਜਾਣੇ ਹਨ, ਭਾਵੇਂ ਇਹ ਹਦਾਇਤਾਂ ਜਾਰੀ ਕਰਨ ਦੀ ਮਿਤੀ ਤੋਂ ਲਾਗੂ ਹੋਈਆਂ ਹਨ।

2. ਇਸ ਸਬੰਧ ਵਿੱਚ ਸਪਸ਼ਟ ਕੀਤਾ ਜਾਂਦਾ ਹੈ ਕਿ ਸਰਕਾਰ ਵਲੋਂ ਕੈਬਨਿਟ ਵਿੱਚ ਵਿਚਾਰਨ ਉਪਰੰਤ ਇਹ ਫੈਸਲਾ ਕੀਤਾ ਗਿਆ ਸੀ ਕਿ ਅੱਤਵਾਦ/ਦੰਗਾ ਪੀੜਤ ਵਿਅਕਤੀਆਂ ਨੂੰ ਤਰਸ ਦੇ ਆਧਾਰ ਤੇ ਨਿਯੁਕਤੀਆਂ ਤੁਰੰਤ ਦਿੱਤੀਆਂ ਜਾਣੀਆਂ। ਇਸ ਕੰਮ ਦੀ ਪ੍ਰਗਤੀ ਵੇਖਣ ਲਈ ਇੱਕ ਕੈਬਨਿਟ ਸਬ ਕਮੇਟੀ ਵੀ ਸਥਾਪਤ ਕੀਤਾ ਗਈ ਹੈ। ਇਸ ਸਬੰਧੀ ਪੱਤਰ ਮਿਤੀ 19 ਅਗਸਤ, 2002(ਕਾਪੀ ਨੱਥੀ ਹੈ) ਵਿੱਚ ਇਹ ਸਪਸ਼ਟ ਵੀ ਕੀਤਾ ਗਿਆ ਹੈ ਕਿ ਇਹ ਹਦਾਇਤਾਂ ਉਦੋਂ ਤੱਕ ਲਾਗੂ ਰਹਿਣਗੀਆਂ, ਜਦੋਂ ਤੱਕ ਇਨ੍ਹਾਂ ਵਿੱਚ ਕੋਈ ਸੋਧ ਨਹੀਂ ਕੀਤੀ ਜਾਂਦੀ।

3. ਕਿਉਂਜੋ ਪੁਰਾਣੇ ਕੇਸਾਂ ਦੇ ਨਿਪਟਾਰੇ ਬਾਰੇ ਵਿਧਾਨ ਸਭਾ ਵਿੱਚ ਵੀ ਭਰੋਸਾ ਦਿੱਤਾ ਜਾ ਚੁੱਕਾ ਹੈ, ਇਸ ਲਈ ਸਮੂਹ ਵਿਭਾਗਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਅੱਤਵਾਦ/ਦੰਗਿਆਂ ਦੌਰਾਨ ਮਾਰੇ ਵਿਅਕਤੀਆਂ ਦੇ ਆਸ਼ਰਤਾਂ ਨੂੰ ਪਹਿਲ ਦੇ ਆਧਾਰ ਤੇ ਨੌਕਰੀ ਦੇਣ ਦੇ ਕੇਸ 21 ਨੰਵਬਰ, 2002 ਤੋਂ ਪਹਿਲੀਆਂ ਹਦਾਇਤਾਂ ਅਨੁਸਾਰ ਤੁਰੰਤ ਨਿਪਟਾਏ ਜਾਣ।

ਮੁੱਖ ਸਕੱਤਰ ਪੰਜਾਬ ਸਰਕਾਰ।